ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ,
(ਉਦਯੋਗਿਕ ਸਿਖਲਾਈ ਵਿੰਗ) ਕਮਰਾ ਨੰ: 404 ਪਲਾਟ-1 ਏ, ਸੈਕਟਰ 36-ਏ, ਚੰਡੀਗੜ੍ਹ
ਫੋਨ ਨੰਬਰ 0172-2614031, 2648012, ਫੈਕਸ 0172-2614622
Web Site- Deptt:- www.dtepunjab.gov.in, DGET:- www.dget.nic.in
E- Mail- dit.affi@yahoo.com, js_ddp@yahoo.com

# NCVT/ SCVT ਦੀ ਐਫੀਲੇਸ਼ਨ ਲਈ ਅਰਜੀਆਂ ਦੀ ਮੰਗ

ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਵਲੋਂ ਐਨ.ਸੀ.ਵੀ.ਟੀ/ ਐਸ.ਸੀ.ਵੀ.ਟੀ (NCVT/ SCVT) ਅਧੀਨ ਕਰਾਫਟਸਮੈਨ ਟ੍ਰੇਨਿੰਗ ਦੇ ਪ੍ਰਵਾਨਿਤ ਟਰੇਡਾਂ ਨੂੰ ਚਲਾਉਣ ਹਿਤ ਅਰਜੀਆਂ ਦੀ ਮੰਗ ਸੰਸਥਾਵਾਂ/ਟਰੱਸਟ/ਸੋਸਾਇਟੀਆਂ/ ਐਸੋਸੀਏਸ਼ਨਸ ਤੋਂ ਸ਼ੈਸ਼ਨ 2010-11 ਲਈ ਕੀਤੀ ਜਾਂਦੀ ਹੈ।ਨਵੇਂ ਟਰੇਡਾਂ ਲਈ ਜਾਂ ਪਹਿਲਾਂ ਤੋਂ ਚਲ ਰਹੇ ਟਰੇਡਾਂ ਵਿਚ ਵਾਧਾ ਕਰਨ ਹਿੱਤ ਅਰਜੀਆਂ ਮਿਤੀ 20-11-2009 ਤੱਕ ਡੀ.ਜੀ.ਈ.ਟੀ. ਦੇ ਟ੍ਰੇਨਿੰਗ ਮੈਨੂਅਲ ਦੇ ਨਿਰਧਾਰਿਤ ਪ੍ਰੋਫਾਰਮੇ Annexure-1 ਤੇ ਸਮੇਤ 7000/- ਰੁਪਏ ਪ੍ਰੋਸੈਸਿੰਗ ਫੀਸ (ਜਿਹੜੀ ਕਿ ਨਾ-ਮੋੜਨਯੋਗ ਹੈ) ਡੀਮਾਂਡ ਡਰਾਫਟ ਦੇ ਰੂਪ ਵਿਚ ਜੋ ਕਿ **ਡਾਇਰੈਕਟਰ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ** ਦੇ ਨਾਂ ਤੇ ਚੰਡੀਗੜ੍ਹ ਵਿਖੇ ਅਦਾਇਗੀ ਯੋਗ ਹੋਵੇ, ਵਿਭਾਗ ਨੂੰ ਉਪਰੋਕਤ ਦਿੱਤੇ ਪਤੇ ਤੇ ਦਿੱਤੀਆਂ ਜਾ ਸਕਦੀਆਂ ਹਨ। ਨਿਸਚਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਈਆਂ ਅਰਜੀਆਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ।ਉਹ ਬਿਨੈਕਾਰ ਜਿਨ੍ਹਾਂ ਨੇ ਅਰਜੀਆਂ ਪਹਿਲਾਂ ਦਿੱਤੀਆਂ ਹੋਈਆਂ ਹਨ, ਪ੍ਰੰਤੂ ਜੋ ਰੱਦ ਹੋ ਚੁੱਕੀਆਂ ਹਨ ਜਾਂ ਐਫੀਲੇਸ਼ਨ ਕਮੇਟੀ/ ਡੀ.ਜੀ.ਈ.ਟੀ ਵਲੋਂ ਰਿਜੈਕਟ ਕਰ ਦਿੱਤੀਆਂ ਗਈਆਂ ਹਨ, ਉਹ ਬਿਨੈਕਾਰ ਵੀ ਇਸ ਵਿਗਿਆਪਨ ਦੇ ਤਹਿਤ ਨਵੇਂ ਸਿਰੇ ਤੋਂ ਅਰਜੀਆਂ ਦੇ ਸਕਦੇ ਹਨ। ਇਹ ਪ੍ਰੋਫਾਰਮਾ (Annexure-1) ਅਤੇ ਐਨ.ਸੀ.ਵੀ.ਟੀ./ਐਸ.ਸੀ.ਵੀ.ਟੀ ਅਧੀਨ ਟਰੇਡਾਂ ਦੀ ਹੋਰ ਜਾਣਕਾਰੀ ਵਿਭਾਗ ਦੀ ਵੈਬ ਸਾਈਟ ਅਤੇ ਡੀ.ਜੀ.ਈ.ਟੀ. ਨਵੀਂ ਦਿੱਲੀ ਦੀ ਵੈਬਸਾਈਟ ਤੋਂ ਲਈ ਜਾ ਸਕਦੀ ਹੈ।

ਜੋ ਬਿਨੈਕਾਰ (ਨਵੇਂ ਜਾਂ ਪਹਿਲਾਂ ਤੋਂ ਕੇਂਦਰ ਚਲਾ ਰਹੇ) ਚਾਹਵਾਨ ਹੋਣ, ਉਹਨਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ

i.) ਜਿਹੜੇ ਕੇਸਾਂ ਵਿਚ ਬਿਨੈਕਾਰਾਂ ਵਲੋਂ Additional Units ਲਈ ਅਪਲਾਈ ਕੀਤਾ ਜਾਣਾ ਹੈ ਉਹ ਆਪਣੀ ਪ੍ਰਤੀ ਬੇਨਤੀ ਵਿਚ ਟਰੇਡ ਦੇ ਸਾਹਮਣੇ ਸਪਸਟ ਤੌਰ ਤੇ ਵਾਧੂ ਯੂਨਿਟ ਲਿਖਣ। Additional Units ਦੀ affiliation ਸਬੰਧੀ ਕੇਸਾਂ ਵਿਚ ਡੀ.ਜੀ.ਈ.ਟੀ. ਵਲੋ ਬੇਸ ਯੂਨਿਟ ਦੀ ਐਫੀਲੇਸ਼ਨ ਗਰਾਂਟ ਹੋਣ ਉਪਰੰਤ ਹੀ ਵਾਧੂ ਯੂਨਿਟਾਂ ਸਬੰਧੀ ਪ੍ਰਾਪਤ ਪ੍ਰਤੀ ਬੇਨਤੀਆਂ ਤੇ ਵਿਚਾਰ ਕੀਤਾ ਜਾਵੇਗਾ।

ii.) ਬਿਨੈਕਾਰਾਂ ਦੇ Annexure-I ਪ੍ਰਾਪਤ ਹੋਣ ਉਪਰੰਤ, ਮੁਢਲਾ ਨਿਰੀਖਣ ਕਰਵਾਉਣ ਸਬੰਧੀ ਕਾਰਵਾਈ ਅਰੰਭੀ ਜਾਵੇਗੀ।ਬਿਨੈਕਾਰ ਨਾਰਮਜ ਅਨੁਸਾਰ ਲੋੜੀਂਦੀ ਸੂਚਨਾ Annexure- III ਤੇ ਉਪਲਬਧ ਕਰਵਾਉਣ ਹਿੱਤ ਤਿਆਰ ਰਹਿਣ, ਜਿਸ ਬਾਰੇ ਵਿਭਾਗ ਉਹਨਾਂ ਨੂੰ ਈ-ਮੇਲ/ਪੱਤਰ ਰਾਂਹੀਂ ਸੂਚਿਤ ਕਰੇਗਾ।

iii.) ਬਿਨੈਕਾਰ ਵਲੋਂ ਜੋ ਟਰੇਡਾਂ/ਯੂਨਿਟਾਂ ਦੀ ਮੰਗ Annexure- I ਵਿਚ ਕੀਤੀ ਜਾਵੇਗੀ, ਉਨਾਂ ਵਿਚ ਮੁਢਲੇ ਨਿਰੀਖਣ ਅਤੇ ਐਸ.ਏ.ਸੀ ਨਿਰੀਖਣ ਸਮੇ ਕੋਈ ਬਦਲਾਅ ਨਹੀਂ ਕੀਤਾ ਜਾਵੇਗਾ।

iv.) Affiliation ਦੀ ਵਿਧੀ ਨੂੰ Institute- Trainee friendly ਬਣਾਉਣ ਹਿੱਤ, ਡੀ.ਜੀ.ਈ.ਟੀ , ਭਾਰਤ ਸਰਕਾਰ ਵਲੋ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹਨ। ਜਿਨਾਂ ਤੇ ਵਿਭਾਗ ਕਾਰਵਾਈ ਕਰ ਰਿਹਾ ਹੈ। ਇਸ ਵਿਚ Internet/ E-Mail ਰਾਂਹੀਂ ਕੇਂਦਰਾਂ ਵਲੋਂ ਅਤੇ ਵਿਭਾਗ ਵਲੋਂ ਸੂਚਨਾ ਦਾ ਅਦਾਨ-ਪ੍ਰਦਾਨ ਸ਼ਾਮਿਲ ਹੈ।ਇਸ ਲਈ ਸਾਰੇ ਬਿਨੈਕਾਰ Annexure- I ਸਬਮਿਟ ਕਰਨ ਵੇਲੇ ਆਪਣਾ E-Mail ID ਸਾਫ-ਸਾਫ ਸਬਦਾ ਵਿਚ ਹਰ ਹਾਲਤ ਵਿਚ ਲਿਖਣ/ਦੇਣ, ਪਹਿਲਾਂ ਤੋਂ ਚਲ ਰਹੇ ਕੇਂਦਰਾਂ ਵਲੋਂ ਆਪਣਾ E-Mail ID ਵਿਭਾਗ ਨੂੰ ਜਰੂਰ ਭੇਜਿਆ ਜਾਵੇ। ਸਾਰੇ ਬਿਨੈਕਾਰ ਆਪਣੀ ਅਰਜੀ ਈ-ਮੇਲ ਰਾਂਹੀਂ ਹਰ ਹਾਲਤ ਵਿਚ ਭੇਜਣੇ ਬਿਨੈਕਾਰਾਂ ਨੂੰ ਮੁਢਲੇ ਨਿਰੀਖਣ/ ਸਟੈਡਿੰਗ ਕਮੇਟੀ ਦੇ ਨਿਰੀਖਣ ਲਈ ਸਿਰਫ ਈ-ਮੇਲ ਰਾਂਹੀਂ ਸੂਚਿਤ ਕੀਤਾ ਜਾਵੇਗਾ, E-Mail ID ਨਾ ਦੇਣ ਦੀ ਸੂਰਤ ਵਿਚ ਅਜਿਹੇ ਕੇਂਦਰ ਮਹੱਤਵਪੂਰਣ ਸੂਚਨਾਂਵਾਂ ਤੋਂ ਵਾਂਝੇ ਰਹਿ ਸਕਦੇ ਹਨ, ਜਿਸ ਸਬੰਧੀ ਵਿਭਾਗ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

v.) ਜਿਹੜੇ ਕੇਂਦਰਾਂ ਨੇ SCVT ਅਤੇ NCVT ਦੇ ਟਰੇਡਾਂ ਦੀ affiliation ਲੈਣ ਦੇ ਚਾਹਵਾਨ ਹਨ, ਉਹ SCVT ਲਈ ਵੱਖਰੀ ਅਰਜੀ ਅਤੇ NCVT ਲਈ ਵੱਖਰੀ ਅਰਜੀ ਸਮੇਤ ਵੱਖਰੀ-ਵੱਖਰੀ ਪ੍ਰੋਸੈਸਿੰਗ ਫੀਸ ਤੇ ਸਬਮਿਟ ਕਰਨ।

vi.) ਡੀ.ਜੀ.ਈ.ਟੀ., ਭਾਰਤ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਿਨੈਕਾਰ ਆਪਣੇ ਕੇਂਦਰਾਂ ਦੇ ਨਾਮ ਹੇਠ-ਲਿਖੇ ਅਨੁਸਾਰ ਹੀ ਰੱਖ ਸਕਦੇ ਹਨ:- "--------------- (ਅਗੇਤਰ) ਉਦਯੋਗਿਕ ਸਿਖਲਾਈ ਕੇਂਦਰ---------------(ਪਤਾ)--------------(ਸ਼ਹਿਰ/ਕਸਬਾ/ਪਿੰਡ ਦਾ ਨਾਂ ਅਤੇ ਜਿਲ੍ਹਾ ਦਾ ਨਾਂ)''। ਉਦਾਹਰਣ ਦੇ ਤੌਰ 'ਤੇ ਅਨਮੋਲ ਉਦਯੋਗਿਕ ਸਿਖਲਾਈ ਕੇਂਦਰ, ਰਾਜਪੁਰਾ, ਜਿਲਾਂ* ਪਟਿਆਲਾ। ਬਿਨੈਕਾਰਾਂ ਨੂੰ ਇਹ ਬੇਨਤੀ ਹੈ ਕਿ ਉਪਰੋਕਤ ਤੋਂ ਇਲਾਵਾ ਹੋਰ ਕੋਈ ਨਾਮ ਨਾ ਰੱਖਿਆ ਜਾਵੇ।

ਇਸ ਵਿਗਿਆਪਨ ਤਹਿਤ ਪ੍ਰਾਪਤ ਹੋਣ ਵਾਲੀਆਂ ਅਰਜੀਆਂ ਤੇ ਟ੍ਰੇਨਿੰਗ ਮੈਨੂੰਅਲ/ਐਫੀਲੀਏਸਨ ਪਾਲਸੀ (ਸਮੇਂ ਸਮੇਂ ਤੇ ਸ਼ੋਧ) ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਇਸ ਤੋ ਇਲਾਵਾ ਡੀ.ਜੀ.ਈ.ਟੀ. ਨਵੀਂ ਦਿੱਲੀ ਵਲੋਂ ਸਮੇਂ ਸਮੇਂ ਤੇ ਜਾਰੀ ਹਦਾਇਤਾਂ ਵੀ ਇਸ ਇਸਤਿਹਾਰ ਰਾਹੀਂ ਪ੍ਰਾਪਤ ਹੋਣ ਵਾਲੀਆਂ ਅਰਜੀਆਂ ਤੇ ਲਾਗੂ ਹੋਣਗੀਆਂ। ਇਹ ਵੀ ਸਪਸਟ ਕੀਤਾ ਜਾਂਦਾ ਹੈ ਕਿ ਜਿਨਾਂ ਅਰਜੀਆਂ ਨਾਲ ਪ੍ਰੋਸੈਸਿੰਗ ਫੀਸ ਦਾ ਡੀਮਾਂਡ ਡਰਾਫਟ ਨੱਥੀ ਨਹੀਂ ਹੋਵੇਗਾ ਜਾਂ ਉਨਾਂ ਵਿਚ ਅਧੂਰੀ ਸੂਚਨਾ ਮੁੱਹਈਆਂ ਕਰਵਾਈ ਗਈ ਹੋਵੇਗੀ ਉਨਾਂ ਅਰਜੀਆਂ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

ਬੀ. ਪੁਰੁਸ਼ਾਰਥਾ, ਆਈ.ਏ.ਐਸ
ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।

ਮਿਤੀ: 22/10/09